# ਪੰਜਾਬੀ
# TMA
## (Secondary)

ਕੁਲ ਅੰਕ: 20
**MM.:20**

ਨੋਟ: (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Note: (i) All Questions are compulsory.
(ii) Write your Enrolment number. AI Name and Subject etc. on the top of the first page of the Answer Sheet.

ਪ੍ਰ.1 ਕਿਸੇ ਇਕ ਪ੍ਰਸ਼ਨ ਦਾ ਉਤਰ 40-60 ਸ਼ਬਦਾਂ ਵਿੱਚ ਦਿਉ- 2
ਹੇਠ ਲਿਖੀਆਂ ਲਗਾਂ ਤੇ ਲਗਾਖਰਾਂ ਦੀ ਵਰਤੋਂ ਕਰਕੇ 2-2 ਸ਼ਬਦਾਂ ਦੀ ਰਚਨਾ ਕਰੋ ਅਤੇ ਉਨ੍ਹਾਂ ਸ਼ਬਦਾਂ ਨੂੰ ਵਾਕਾਂ ਵਿੱਚ ਬਦਲੋ।
ਹੋੜਾ, ਦੁਲੈਂਕੜ, ਅੱਧਕ, ਟਿੱਪੀ।

ਜਾਂ

ਪੰਜਾਬੀ ਭਾਸ਼ਾ ਵਿੱਚ ਅਖਾਣਾਂ ਦਾ ਕੀ ਮਹੱਤਵ ਹੈ। ਆਪਣੇ ਵਲੋਂ ਕੋਈ ਚਾਰ ਅਖਾਣਾਂ ਲਿਖੋ।

ਪ੍ਰ.2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ- 2
ਬੁੱਲੇ ਸ਼ਾਹ ਨੇ 'ਮਾਟੀ ਕੁਦਮ ਕਰੇਂਦੀ ਯਾਰ' ਕਾਫ਼ੀ ਵਿੱਚ ਕੀ ਸੁਨੇਹਾ ਦਿੱਤਾ ਹੈ? ਉਸ ਦੁਆਰਾ ਵਰਤਿਆ ਗਿਆ 'ਮਾਟੀ ' ਸ਼ਬਦ ਦੇ ਅਰਥ ਸਮਝਾਓ।

ਜਾਂ

ਕਵੀ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਰੁੱਖ' ਦਾ ਸਾਰ ਲਿਖੋ। ਜਿਨ੍ਹਾਂ ਰੁੱਖਾਂ ਉਪਰ ਕੋਈ-ਕੋਈ ਪੱਤਾ ਬਾਕੀ ਬਚਿਆ ਹੈ, ਉਹ ਰੁੱਖ ਕਵੀ ਨੂੰ ਕਿਹੋ ਜਿਹੇ ਲਗਦੇ ਹਨ?

ਪ੍ਰ.3 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ- 2
ਖ਼ੂਨ ਦੇ ਸਫ਼ੈਦ ਕਣਾਂ ਨੂੰ "ਬਹਾਦਰ ਸਿਪਾਹੀ" ਕਿਉਂ ਕਿਹਾ ਜਾਂਦਾ ਹੈ। ਬਲੱਡ ਬੈਂਕ ਵਿੱਚ ਖ਼ੂਨਦਾਨ ਕਰਨ ਨਾਲ ਕੀ ਲਾਭ ਹੁੰਦਾ ਹੈ?

ਜਾਂ

ਮਹਾਰਾਜਾ ਰਣਜੀਤ ਸਿੰਘ ਨੂੰ ਮਾਨਵਤਾ ਦਾ ਹਾਮੀ ਅਤੇ ਪੰਜਾਬ ਦਾ ਗੌਰਵ ਕਿਉਂ ਕਿਹਾ ਜਾਂਦਾ ਹੈ?



Scanned by CamScanner

ਪ੍ਰ.4 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100–150 ਸ਼ਬਦਾਂ ਵਿੱਚ ਦਿਉ– 4

ਹੇਠ ਲਿਖੀਆਂ ਕਾਵਿ–ਸਤਰਾਂ ਦਾ ਭਾਵ–ਅਰਥ ਸਪੱਸ਼ਟ ਕਰੋ:

"ਪਿੰਡ ਵਿੱਚ ਸਭ ਨੂੰ ਆਦਾਬ ਕਹਿਣਾ
ਐਵੇਂ ਨਾ ਅਭਿੱਜ ਰਹਿਣਾ।"

ਨਿੱਕੇ ਵੱਡੇ ਡਰ ਸਿਰਲੇਖ ਹੇਠ ਪਿਓ, ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ?

ਜਾਂ

ਕਾਰਕ ਕੀ ਹੁੰਦਾ ਹੈ? ਪੰਜਾਬੀ ਵਿੱਚ ਕਿੰਨੇ ਕਾਰਕ ਹਨ? ਉਨ੍ਹਾਂ ਦੇ ਨਾਂ ਤੇ ਚਿੰਨ੍ਹ ਲਿਖੋ।

ਪ੍ਰ.5 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100–150 ਸ਼ਬਦਾਂ ਵਿੱਚ ਦਿਉ– 4

"ਲੋੜਵੰਦ ਨੂੰ ਕਦ ਕੋਈ ਲੋੜੀਂਦੀ ਚੀਜ਼ ਸੌਖੀ ਮਿਲੀ ਹੈ?" ਇਹ ਕਥਨ ਕਿਸ ਨੇ ਕਿਹਾ ਅਤੇ ਕਿਉਂ, ਇਸ ਦੀ ਵਿਆਖਿਆ ਵੀ ਕਰੋ।

ਜਾਂ

ਇਕਾਂਗੀ 'ਬੇਈਮਾਨ' ਵਿਚੋਂ ਆਪਣੇ ਕਿਸੇ ਇਕ ਮਨਪਸੰਦ ਪਾਤਰ ਦੀ ਪਾਤਰ ਉਸਾਰੀ ਕਰਦੇ ਹੋਏ ਦਸੋ ਕਿ ਉਸਦੇ ਜੀਵਨ ਤੋਂ ਕੀ ਸਿੱਖਿਆ ਮਿਲਦੀ ਹੈ?

ਪ੍ਰ.6 ਕੋਈ ਇਕ ਪ੍ਰੋਜੈਕਟ ਬਣਾਓ– 6

ਕਿਸੇ ਅਖ਼ਬਾਰ, ਰਸਾਲੇ ਵਿੱਚ ਦਿੱਤੇ ਵਿਗਿਆਪਨਾਂ ਵਿਚੋਂ ਕੁਝ ਪੈਰ੍ਹੇ ਚੁਣ ਕੇ ਲਿਖੋ ਅਤੇ ਫਿਰ ਉਨ੍ਹਾਂ ਵਿਚੋਂ ਯੋਗ ਪ੍ਰਸ਼ਨ ਲੱਭ ਕੇ ਉਨ੍ਹਾਂ ਦੇ ਉੱਤਰ ਲੱਭਣ ਦਾ ਯਤਨ ਕਰੋ।

ਜਾਂ

ਪੰਜਾਬੀ ਸਮਾਜ ਵਿੱਚ ਵਾਪਰ ਰਹੀਆਂ ਅਜੋਕੀਆਂ ਘਟਨਾਵਾਂ ਦੀ ਸੂਚੀ ਬਣਾਓ ਅਤੇ ਕਿਸੇ ਇਕ ਵਿਸ਼ੇਸ਼ ਤੇ ਇਕ ਨਿਬੰਧ ਲਿਖੋ।

Scanned by CamScanner